# ਟੈਟਨਸ ਅਤੇ ਡਿਪਥੇਰੀਆ (Td) ਦਾ ਟੀਕਾ

ਦਵਾਈਆਂ (ਜਾਂ ਟੀਕੇ ਜਾਂ ਬੱਚਿਆਂ ਦੇ ਟੀਕੇ) ਖਤਰਨਾਕ ਬਿਮਾਰੀਆਂ ਤੋਂ ਬਚਾਉਣ ਲਈ ਸਭ ਤੋਂ ਵੱਧ ਜ਼ਰੂਰੀ ਹਨ। ਨੈਸ਼ਨਲ ਐਡਵਾਈਜ਼ਰੀ ਕਮੇਟੀ (National Advisory Committee on Immunization) ਇਹ ਬਹੁਤ ਜ਼ਰੂਰੀ ਸਮਝਦੀ ਹੈ ਕਿ ਬਿਮਾਰੀਆਂ ਦੀ ਰੋਕਥਾਮ ਲਈ ਇਹ ਟੀਕੇ ਨਿਯਮ ਨਾਲ ਲਗਾਉਣੇ ਚਾਹੀਦੇ ਹਨ। ਟੀ ਡੀ (Td) ਇਕ ਵਿਚ ਦੋ ਦਵਾਈਆਂ ਦਾ ਟੀਕਾ ਹੈ ਜੋ ਲੋਕਾਂ ਨੂੰ ਟੈਟਨਸ ਅਤੇ ਡਿਪਥੇਰੀਆ ਤੋਂ ਬਚਾਉਂਦਾ ਹੈ। ਇਹ ਸਤ ਸਾਲ ਜਾਂ ਉਸ ਤੋਂ ਵੱਧ ਦੀ ਉਮਰ ਦੇ ਵਿਅਕਤੀਆਂ ਲਈ ਹੈ।

## ਡਿਪਥੇਰੀਆ (ਗਲਘੋਟੂ) ਕਿਸ ਨੂੰ ਆਖਦੇ ਹਨ?

ਇਹ ਗਲੇ, ਨੱਕ ਅਤੇ ਚਮੜੀ ਦੀ ਇਕ ਗੰਭੀਰ ਬਿਮਾਰੀ ਹੈ। ਇਸ ਦੇ ਕਾਰਨ ਗਲਾ ਖਰਾਬ, ਬੁਖਾਰ ਅਤੇ ਕੰਬਣੀ ਛਿੜਦੀ ਹੈ। ਇਸ ਨਾਲ ਕਈ ਉਲਝਣਾਂ ਹਨ, ਜਿਵੇਂ ਸਾਹ ਦੀ ਤਕਲੀਫ, ਦਿਲ ਦਾ ਦੌਰਾ ਜਾਂ ਨਸਾਂ ਨੂੰ ਨੁਕਸਾਨ ਹੋ ਸਕਦਾ ਹੈ। ਇਸ ਰੋਗ ਦੇ ਸ਼ਿਕਾਰ ੧੦ ਵਿਅਕਤਿਆਂ ਵਿੱਚੋਂ ਤਕਰੀਬਨ ਇਕ ਦੀ ਮੌਤ ਹੋ ਸਕਦੀ ਹੈ। ਇਸ ਦੇ ਰੋਗਾਣੂ ਖੰਘ ਜਾਂ ਛਿੱਕਾਂ ਦੇ ਰਾਹੀ ਇਕ ਵਿਅਕਤੀ ਤੋਂ ਦੂਜੇ ਨੂੰ ਪਹੁੰਚ ਸਕਦੇ ਹਨ ਅਤੇ ਉਸ ਨੂੰ ਵੀ ਬਿਮਾਰੀ ਹੋ ਸਕਦੀ ਹੈ।

## ਟੈਟਨਸ (ਦੰਦਲ) ਕਿਸ ਨੂੰ ਆਖਦੇ ਹਨ?

ਟੈਟਨਸ ਇਕ ਗੰਭੀਰ ਬਿਮਾਰੀ ਹੈ। ਜੇਕਰ ਮਿੱਟੀ ਨਾਲ ਟੈਟਨਸ ਦੇ ਰੋਗਾਣੂ ਕਿਸੇ ਜ਼ਖ਼ਮ ਰਾਹੀ ਸ਼ਰੀਰ ਵਿਚ ਦਾਖਿਲ ਹੋ ਜਾਣ ਤਾਂ ਬਿਮਾਰੀ ਹੋ ਜਾਂਦੀ ਹੈ। ਟੈਟਨਸ ਦੇ ਰੋਗਾਣੂ ਹਰ ਜਗ੍ਹਾ ਹਨ, ਆਮ-ਤੌਰ ਤੇ ਮਿੱਟੀ, ਧੂੜ ਅਤੇ ਖਾਦ ਵਿਚ। ਇਹ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਵਿਚ ਨਹੀਂ ਜਾਂਦੇ। ਇਸ ਬਿਮਾਰੀ ਨਾਲ ਗਰਦਨ, ਬਾਹਾਂ, ਲੱਤਾਂ ਅਤੇ ਪੇਟ ਦੀਆਂ ਮਾਸਪੇਸ਼ੀਆਂ ਵਿਚ ਅਕੜਾਅ ਅਤੇ ਦਰਦ ਨਾਲ ਝੰਜੋੜਾ ਪੈਦਾ ਹੋ ਜਾਂਦੀ ਹੈ ਜੋ ਇਸ ਹੱਦ ਤਕ ਹੋ ਸਕਦੀ ਹੈ ਕਿ ਹੱਡੀਆਂ ਨੂੰ ਤੋੜ ਸਕਦੀ ਹੈ। ਇਸ ਦਾ ਇਲਾਜ ਛੇਤੀ ਸ਼ੁਰੂ ਕਰਨ ਦੇ ਬਾਵਜੂਦ ਵੀ ਇਸ ਬਿਮਾਰੀ ਦੇ ਸ਼ਿਕਾਰ ੧੦ ਵਿਅਕਤੀਆਂ ਵਿਚੋਂ ੨ ਦੀ ਮੌਤ ਹੋ ਜਾਂਦੀ ਹੈ।

## ਟੀ ਡੀ (Td) ਦੀ ਦਵਾਈ ਨਾਲ ਕਿਸ ਹੱਦ ਤਕ ਬਚਾਓ ਹੁੰਦਾ ਹੈ?

ਜਦੋਂ ਟੀ ਡੀ (Td) ਦੇ ਟੀਕੇ ਦਸੀ ਗਈ ਮਾਤਰਾ ਅਨੁਸਾਰ ਲਗਦੇ ਹਨ ਤਾਂ ਇਹ ਕਰੀਬਨ ੧੦੦% ਲੋਕਾਂ ਦਾ ਟੈਟਨਸ ਤੋਂ ਅਤੇ ੯੫% ਦਾ ਡਿਪਥੇਰੀਆ ਤੋਂ ਬਚਾਓ ਕਰਦੇ ਹਨ। ਜੇਕਰ ਇਨ੍ਹਾਂ ਟੀਕਿਆਂ ਦੇ ਬਾਵਜੂਦ ਕਿਸੇ ਨੂੰ ਇਹ ਬਿਮਾਰੀਆਂ ਹੋ ਜਾਂਦੀਆਂ ਹਨ, ਤਾਂ ਉਨ੍ਹਾਂ ਦਾ ਅਸਰ ਹਲਕਾ ਹੁੰਦਾ ਹੈ।

## ਮੈਨੂੰ ਟੀ ਡੀ (Td) ਦੀ ਦਵਾਈ ਦੇ ਟੀਕੇ ਕਦੋਂ ਲਗਵਾਣੇ ਚਾਹੀਦੇ ਹਨ?

ਟੀ ਡੀ (Td) ਦੇ ਟੀਕੇ ਜ਼ਿਆਦਾਤਰ ਲੋਕਾਂ ਨੂੰ ਬਚਪਨ ਵਿਚ ਲਗਾਏ ਜਾਂਦੇ ਹਨ। ਟੈਟਨਸ ਅਤੇ ਡਿਪਥੇਰੀਆ ਪੋਲੀਓ ਲਈ ਇਕ ਬੂਸਟਰ ਟੀਕਾ ੧੫ ਸਾਲ ਦੀ ਉਮਰ ਵਿਚ ਦਿਤਾ ਜਾਂਦਾ ਹੈ। ਇਸ ਬੂਸਟਰ ਟੀਕੇ ਵਿਚ ਪੋਲੀਓ ਦੀ ਵੀ ਦਵਾਈ ਹੋ ਸਕਦੀ ਹੈ। ਇਸ ਤੋਂ ਬਾਦ ਲਗਾਤਾਰ ਟੈਟਨਸ ਤੇ ਡਿਪਥੇਰੀਆ ਦਾ ਟੀਕਾ ਪ੍ਰਤੀ ੧੦ ਸਾਲ ਬਾਦ ਲਗਵਾਣਾ ਚਾਹੀਦਾ ਹੈ, ਇਸ ਨਾਲ ਸਦਾ ਲਈ ਇਨ੍ਹਾਂ ਤੋਂ ਬਚਾਓ ਹੋ ਸਕਦਾ ਹੈ।

## ਟੀ ਡੀ (Td) ਦੇ ਟੀਕੇ ਸੁਰੱਖਿਅਤ ਹਨ?

ਜੀ ਹਾਂ। ਆਮ ਤੌਰ ਤੇ ਇਸ ਦੇ ਕਾਰਨ ਕੋਈ ਗੰਭੀਰ ਬੁਰੇ ਅਸਰ ਨਹੀਂ ਹੁੰਦੇ। ਜਿਥੇ ਟੀਕਾ ਲਗਾਂਦੇ ਹਨ ਉਸ ਥਾਂ ਤੇ ਲਾਲੀ, ਸੋਜ ਜਾਂ ਦਰਦ ਹੋ ਸਕਦੀ ਹੈ। ਕੁਛ ਲੋਕਾਂ ਨੂੰ ਬੁਖਾਰ ਹੋ ਜਾਂਦਾ ਹੈ, ਟੀਕੇ ਵਾਲੀ ਥਾਂ ਤੇ ਲਾਲੀ ਹੋ ਜਾਂਦੀ ਹੈ ਅਤੇ ਟੀਕੇ ਲਗਾਣ ਤੋਂ ਬਾਦ ਇਕ ਜਾਂ ਦੋ ਦਿਨ ਲਈ ਉਨ੍ਹਾਂ ਨੂੰ ਭੁੱਖ ਨਹੀਂ ਲਗਦੀ, ਉਹ ਚਿੱੜ-ਚਿੜੇ ਜਾਂ ਥੱਕੇ-ਥੱਕੇ ਹੋ ਸਕਦੇ ਹਨ। **ਕਿਸੇ ਵੀ ਦਵਾਈ ਦੇ ਲਾਭ ਅਤੇ ਨੁਕਸਾਨ ਕੀ ਹਨ, ਇਸ ਬਾਰੇ ਆਪਣੇ ਡਾਕਟਰ ਨਾਲ ਸਲਾਹ ਕਰੋ।**

## ਮੈਂ ਆਪਣੇ ਡਾਕਟਰ ਨਾਲ ਕਦੋਂ ਸੰਪਰਕ ਕਰਾਂ?

ਜੇਕਰ ਟੀਕਾ ਲਗਵਾਉਣ ਤੋਂ ਬਾਦ ਤਿੰਨ ਦਿਨ ਦੇ ਵਿਚ ਤੁਹਾਨੂੰ ਹੇਠ ਲਿਖੇ ਵਿੱਚੋਂ ਕੋਈ ਅਸਰ ਰਹਿੰਦਾ ਹੈ, ਤਾਂ ਤੁਸੀਂ ਆਪਣੇ ਡਾਕਟਰ ਨਾਲ ਸੰਪਰਕ ਕਰੋ:

- ਛਪਾਕੀ
- ਮੂੰਹ ਜਾਂ ਚੇਹਰੇ ਤੇ ਸੋਜ
- ਸਾਹ ਲੈਣ ਵਿਚ ਤਕਲੀਫ
- ਬਹੁਤ ਪੀਲਾ ਰੰਗ ਜਾਂ ਬਹੁਤ ਉੂੰਘਣਾ (ਸੁਸਤੀ, ਬੇਸੁਰਤੀ)
- ਤੇਜ਼ ਬੁਖਾਰ (੪੦ C ਜਾਂ ੧੦੪ F ਡਿਗਰੀ ਤੋਂ ਵੱਧ)
- ਮਰੋੜ ਜਾਂ ਦੌਰਾ ਪੈਣਾ
- ਕੋਈ ਹੋਰ ਗੰਭੀਰ ਸਮੱਸਿਆ।

## ਟੀ ਡੀ (Td) ਕਿਸ ਨੂੰ ਨਹੀਂ ਲਗਵਾਉਣਾ ਚਾਹੀਦਾ?

ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਹੇਠ ਲਿਖੇ ਵਿੱਚੋਂ ਕੋਈ ਤਕਲੀਫ ਹੈ ਤਾਂ ਤੁਹਾਡਾ ਡਾਕਟਰ ਇਹ ਟੀਕੇ ਲਗਵਾਉਣ ਤੋਂ ਮਨ੍ਹਾਂ ਕਰ ਸਕਦਾ ਹੈ:

- ਤੇਜ਼ ਬੁਖਾਰ ਜਾਂ ਗੰਭੀਰ ਛੂਤ, ਜੋ ਜ਼ੁਕਾਮ ਤੋਂ ਫਰਕ ਹੈ
- ਇਸ ਦਵਾਈ ਨਾਲ ਇਕ ਗੰਭੀਰ ਅਲਰਜੀ ਜਿਸ ਨੂੰ ਐਨਾਫਿਲੈਕਸਿਸ (anaphylaxis) ਆਖਦੇ ਹਨ
- ਛੂਤ ਰੋਕਣ ਦੇ ਇਨ੍ਹਾਂ ਟੀਕਿਆਂ ਨਾਲ ਕੋਈ ਗੰਭੀਰ ਅਲਰਜੀ।

## ਜੇ ਮੈਨੂੰ ਟੀ ਡੀ (Td) ਦੀ ਦਵਾਈ ਬਾਰੇ ਕੁਛ ਹੋਰ ਜਾਣਕਾਰੀ ਚਾਹੀਦੀ ਹੋਵੇ ਤਾਂ ਮੈਨੂੰ ਕਿਸ ਨਾਲ ਗਲ ਕਰਨੀ ਚਾਹੀਦੀ ਹੈ?

ਆਪਣੇ ਪਰਿਵਾਰਿਕ ਡਾਕਟਰ ਜਾਂ ਸਥਾਨਕ ਸੇਹਤ ਸੇਵਾ ਕੇਂਦਰ ਨਾਲ ਸੰਪਰਕ ਕਰਕੇ ਵਧੇਰੇ ਜਾਣਕਾਰੀ ਲਓ।

## ਇਨ੍ਹਾਂ ਟੀਕਿਆਂ ਦਾ ਰਿਕਾਰਡ

ਬਿਮਾਰੀਆਂ ਦੀ ਰੋਕਥਾਮ ਲਈ ਲਗਦੇ ਟੀਕਿਆਂ ਦਾ ਰਿਕਾਰਡ ਰਖਣ ਲਈ ਇਕ "ਪੀਲਾ ਕਾਰਡ" (Immunization Record Card) ਹੁੰਦਾ ਹੈ। ਜਦੋਂ ਵੀ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਨਵਾਂ ਟੀਕਾ ਲਗਦਾ ਹੈ ਤਾਂ ਉਹ ਇਸ ਕਾਰਡ ਤੇ ਦਰਜ ਕਰ ਦੇਣਾ ਚਾਹੀਦਾ ਹੈ, ਆਪਣੇ ਡਾਕਟਰ ਤੋਂ ਇਹ ਜ਼ਰੂਰ ਕਰਵਾਉ। ਜਦੋਂ ਤੁਸੀਂ ਬੱਚੇ ਨੂੰ ਸਕੂਲ ਵਿਚ ਦਾਖਿਲ ਕਰਵਾਉਣਾ ਹੈ ਜਾਂ ਹੋਰ ਕੋਈ ਦਵਾਈ ਦਾ ਟੀਕਾ ਲਗਵਾਉਣਾ ਹੈ ਤਾਂ ਤੁਹਾਡੇ ਸਥਾਨਕ ਸੇਹਤ ਵਿਭਾਗ ਨੂੰ ਇਸ ਰਿਕਾਰਡ ਦੀ ਲੋੜ ਪਵੇਗੀ। ਬਾਲਗਾਂ ਨੂੰ ਵੀ ਇਹ ਰਿਕਾਰਡ ਰਖਣਾ ਚਾਹੀਦਾ ਹੈ ਕਿਉਂ ਕਿ ਜੇ ਉਨ੍ਹਾਂ ਨੂੰ ਸੱਟ ਲਗ ਜਾਵੇ ਤਾਂ ਇਹ ਪਤਾ ਹੋਣਾ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਟੈਟਨਸ ਦਾ ਟੀਕਾ ਕਦੋਂ ਲਗਿਆ ਸੀ। ਇਸੇ ਤਰ੍ਹਾਂ ਜਿਹੜੇ ਵਿਅਕਤੀ ਪੋਲੀਓ ਦੀ ਬਿਮਾਰੀ ਵਾਲੇ ਦੇਸ਼ਾਂ ਵਿਚ ਸਫਰ ਕਰਦੇ ਹਨ, ਉਨ੍ਹਾਂ ਨੂੰ ਆਪਣੇ ਟੀਕਿਆਂ ਦਾ ਰਿਕਾਰਡ ਰਖਣਾ ਪੈਂਦਾ ਹੈ। ਇਸ ਨੂੰ ਕਿਸੇ ਸੁਰੱਖਿਅਤ ਸਥਾਨ ਤੇ ਸੰਭਾਲ ਕੇ ਰਖੋ!